Downloaded From : http://cbseportal.com

CBSE PORTAL
www.cbseportal.com

# ਨਮੂਨੇ ਦਾ ਪ੍ਰਸ਼ਨ ਪੱਤਰ

## ਪੰਜਾਬੀ

## 004

## ਦਸਵੀਂ (X)

*Time allowed : 3 hours* | *Maximum Marks : 80*

ਸਮਾਂ ੩ ਘੰਟੇ | ਅੰਕ ੮੦

**ਪ੍ਰਸ਼ਨ 1. ਪੜ੍ਹਨ-ਕੌਸ਼ਲ—**

**i. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—** 2+2+2+2+1=9

ਸਿੱਖਿਆ ਦਾ ਮੁੱਢਲਾ ਟੀਚਾ, ਹਜ਼ਾਰਾਂ ਵਰ੍ਹਿਆਂ ਤੋਂ ਮਨੁੱਖ ਦਾ ਸਰਵਪੱਖੀ ਵਿਕਾਸ ਕਰ ਰਿਹਾ ਹੈ। ਜੇਕਰ ਮਾਂ ਵੱਲੋਂ ਦਿੱਤੀ ਗਈ ਸਿੱਖਿਆ ਗੁਰੂ-ਘਰ ਜਾਂ ਸਕੂਲ ਤਾਈਂ ਪਹੁੰਚਦੀ ਹੈ ਤਾਂ ਸਕੂਲੀ ਪੜ੍ਹਾਈ ਪਰਿਵਾਰ, ਸਮਾਜ ਕੌਮ ਅਤੇ ਮਨੁੱਖੀ ਕਲਿਆਣ ਤੱਕ ਪਹੁੰਚਦੀ ਹੈ। ਮਾਂ ਇੱਕ ਬੱਚੇ ਨੂੰ ਗੁਰੂ ਦਾ ਮਾਨ-ਸਨਮਾਨ ਕਰਨਾ ਸਿਖਾਉਂਦੀ ਹੈ। ਗੁਰੂ ਆਪਣੇ ਸ਼ਿਸ਼ਾਂ ਨੂੰ ਮਾਂ-ਬਾਪ, ਭਰਾ-ਭੈਣ, ਦੋਸਤ-ਮਿੱਤਰ ਅਤੇ ਦੇਸ਼ ਦੇ ਆਦਰ ਮਾਣ ਤੇ ਉੱਚੇ ਆਦਰਸ਼ਾਂ ਦੀ ਸਿੱਖਿਆ ਦਿੰਦੇ ਹਨ। ਅਧਿਆਪਕਾਂ ਵੱਲੋਂ ਦਿੱਤੀ ਗਈ ਵਿਗਿਆਨ ਵਰਤਾਅ, ਚਾਲ-ਚਲਣ ਅਤੇ ਅਨੁਸ਼ਾਸਨ ਦੀ ਸਿੱਖਿਆ ਵਿਦਿਆਰਥੀਆਂ ਨੂੰ ਜੇਕਰ ਅਕਲਮੰਦ, ਆਦਰਸ਼ ਨਾਗਰਿਕ, ਨਿਪੁੰਨ ਪ੍ਰਸ਼ਾਸਕ ਅਤੇ ਅਨੁਸ਼ਾਸਨ ਪਸੰਦ ਬਣਾਉਂਦੀ ਹੈ ਤਾਂ ਇਸ ਨੂੰ ਸਿਰਫ਼ ਸ਼੍ਰੇਣੀ ਦੀ ਪੜ੍ਹਾਈ ਦਾ ਹੀ ਨਤੀਜਾ ਨਹੀਂ ਸਮਝ ਲੈਣਾ ਚਾਹੀਦਾ। ਵਿਦਿਆ ਪ੍ਰਾਪਤ ਕਰਨ ਦਾ ਅਰਥ ਸਿਰਫ਼ ਜਮਾਤ ਦੇ ਕਮਰੇ ਤਾਈਂ ਹੀ ਸੀਮਤ ਨਹੀਂ ਹੈ ਬਲਕਿ ਬਹੁਤ ਵਿਸ਼ਾਲ ਹੈ।

(ੳ) ਕੀ ਸਿੱਖਿਆ ਹਾਸਲ ਕਰਨ ਦਾ ਅਰਥ ਸ਼੍ਰੇਣੀ ਦੇ ਕਮਰੇ ਤੱਕ ਹੀ ਸੀਮਤ ਹੈ?

(ਅ) ਮਾਂ ਆਪਣੇ ਬੱਚੇ ਨੂੰ ਕਿਸ ਦਾ ਮਾਨ-ਸਨਮਾਨ ਕਰਨਾ ਸਿਖਾਉਂਦੀ ਹੈ?

(ੲ) 'ਨਿਪੁੰਨ' ਅਤੇ 'ਵਿਸ਼ਾਲ' ਸ਼ਬਦਾਂ ਦੇ ਅਰਥ ਦੱਸੋ।

(ਸ) ਹਜ਼ਾਰਾਂ ਵਰ੍ਹਿਆਂ ਤੋਂ ਸਿੱਖਿਆ ਦਾ ਮੁੱਢਲਾ ਟੀਚਾ ਕੀ ਰਿਹਾ ਹੈ?

(ਹ) ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

**ii. ਹੇਠ ਲਿਖੀ ਕਾਵਿ ਟੁਕੜੀ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—** 2x3=6

ਮਾਂ ਛਾਂ ਜ਼ਿੰਦਗੀ ਦੇ ਨਿੱਕੜੇ ਜਿਹੇ ਦਿਲ ਵਿੱਚ।
ਸੋਮਾ ਉਹ ਮੁਹੱਬਤਾਂ ਦਾ ਰੱਬ ਨੇ ਪਸਾਰਿਆ।
ਅੱਜ ਤੀਕਣ ਜੀਹਦਾ ਕਿਸੇ ਥਾਹ ਤਲਾ ਨਹੀਂ ਲੱਭਾ
ਮਾਰ-ਮਾਰ ਟੁੱਭੀਆਂ ਹੈ ਸਾਰਾ ਜੱਗ ਹਾਰਿਆ।
ਵੱਡੇ-ਵੱਡੇ ਸ਼ਾਇਰਾਂ ਲਿਖਾਰੀਆਂ ਨੇ ਜ਼ੋਰ ਲਾ ਕੇ
ਮਾਂ ਦੇ ਪਿਆਰ ਵਾਲਾ ਫੋਟੋ ਹੈ ਉਤਾਰਿਆ।
ਮੈਂ ਵੀ ਤਸਵੀਰ ਇੱਕ ਨਿੱਕੀ ਜਿਹੀ ਵਿਖਲਾਨਾ ਹਾਂ
ਸ਼ਾਇਰੀ ਦੇ ਰੰਗ ਨਾਲ ਜੀਹਨੂੰ ਮੈਂ ਸੁਆਰਿਆ।





Downloaded From : http://cbseportal.com COURTESY : CBSE

Downloaded From : http://cbseportal.com

CBSE PORTAL www.cbseportal.com

(ੳ) ਉਪਰੋਕਤ ਕਾਵਿ ਟੁਕੜੀ ਵਿੱਚ ਮੁਹੱਬਤਾਂ ਦਾ ਸੋਮਾ ਕਿਸ ਨੂੰ ਅਤੇ ਕਿਉਂ ਕਿਹਾ ਗਿਆ ਹੈ?

(ਅ) ਕਿਸ-ਕਿਸ ਨੇ ਮਾਂ ਦਾ ਫੋਟੋ ਬਣਾਉਣ ਦੀ ਕੋਸ਼ਿਸ਼ ਕੀਤੀ ਹੈ?

(ੲ) ਸਾਰਾ ਜਗ ਕਿਵੇਂ ਕਰ ਕੇ ਹਾਰ ਗਿਆ ਹੈ?

**(2) ਵਿਆਕਰਨ—**

3. (1) **ਵਿਰੋਧੀ ਸ਼ਬਦਾਂ ਦੇ ਮੇਲ ਨਾਲ ਸਮਾਸੀ ਸ਼ਬਦ ਚੁਣੋ—** 1x2=2

(ੳ) ਨੌਕਰ-ਚਾਕਰ

(ਅ) ਟੁੱਟ-ਭੱਜ

(ੲ) ਜਮੀਨ-ਅਸਮਾਨ

(ਸ) ਗੱਲ-ਬਾਤ

(2) **ਹੇਠ ਲਿਖਿਆਂ ਵਿਚੋਂ ਕਿਹੜਾ ਸਮਾਸੀ ਸ਼ਬਦ ਹੈ—**

(ੳ) ਰਸ ਨਾਲ ਭਰੀ

(ਅ) ਰਸ-ਭਰੀ

(ੲ) ਰਸ ਦੀ ਭਰੀ

(ਸ) ਰਸ-ਰਸ ਹੋਈ

4. (1) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ਡੰਡੀ ਸ਼ਬਦ ਦਾ ਬਹੁ-ਅਰਥਕ ਨਹੀਂ ਹੈ? ਚੁਣੋ— 1x3=3

(ੳ) ਪੂਰਨ ਵਿਰਾਮ

(ਅ) ਟਹਿਣੀ

(ੲ) ਛੋਟਾ ਰਸਤਾ

(ਸ) ਡੰਗ

(2) ਉਸ ਨੂੰ ਬੀਮਾਰੀ ਤੋਂ ਅਜੇ ਮੋੜ ਪਿਆ ਹੀ ਸੀ ਕਿ ਉਹ ਦਵਾਈਆਂ ਮੋੜ ਆਇਆ ਅਤੇ ਮੋੜ ਤੇ ਪਹੁੰਚ ਕੇ ਬੈਠ ਗਿਆ। ਇਸ ਵਾਕ ਵਿੱਚ ਪਹਿਲੇ ਸ਼ਬਦ 'ਮੋੜ' ਦਾ ਕੀ ਅਰਥ ਹੈ?

(ੳ) ਵਾਪਸ

(ਅ) ਨੁੱਕਰ

(ਸ) ਥੋੜ੍ਹਾ ਆਰਾਮ

(ਹ) ਚਿੱਬ

(3) 'ਬਹਾਦਰ' ਸ਼ਬਦ ਦਾ ਸਹੀ ਬਹੁਆਰਥਕ ਸ਼ਬਦ ਚੁਣੋ—

(ੳ) ਡਰਾਕਲ, ਕਮਜ਼ੋਰ

(ਅ) ਉੱਚ, ਤਗੜਾ

(ੲ) ਸੂਰਮਾ, ਸੂਰਬੀਰ

(ਸ) ਨਿਤਾਣਾ, ਮਾੜਾ



Downloaded From : http://cbseportal.com COURTESY : CBSE

Downloaded From : http://cbseportal.com

CBSE PORTAL
www.cbseportal.com

5. ਹੇਠ ਲਿਖੇ ਵਾਕਾਂ ਵਿੱਚ ਸਹੀ ਵਿਸਰਾਮ ਚਿੰਨ੍ਹ ਲਗਾਓ— 1x3=3

(1) ਤੂੰ ਬਜ਼ਾਰ ਜਾ ਕੇ ਸਮਾਨ ਲੈ ਆ

(2) ਕਾਸ਼ ਮੈਂ ਵੀ ਕਰੋੜਪਤੀ ਹੁੰਦਾ

(3) ਹਾਏ ਰੱਬਾ ਇਹ ਕੀ ਭਾਣਾ ਵਰਤਿਆ ਹੈ

6. ਹੇਠ ਲਿਖੇ ਮੁਹਾਵਰਿਆਂ ਦੇ ਵਾਕ ਇਸ ਤਰ੍ਹਾਂ ਬਣਾਓ ਕਿ ਅਰਥ ਸਪਸ਼ੱਟ ਹੋ ਜਾਣ— 1x3=3

(1) ਕੰਨ ਭਰਨੇ

(2) ਗਲ ਪਿਆ ਢੋਲ ਵਜਾਉਣਾ

(3) ਜਾਨ ਤਲੀ 'ਤੇ ਧਰਨਾ

7. 'ਖੁਸ਼' ਅਤੇ 'ਸਵੈ' ਅਗੇਤਰ ਲਾ ਕੇ ਦੋ-ਦੋ ਸ਼ਬਦ ਲਿਖੋ। 1x2=2

8. 'ਆਲਾ' ਅਤੇ 'ਮੰਦ' ਪਿਛੇਤਰ ਲਾ ਕੇ ਦੋ-ਦੋ ਸ਼ਬਦ ਲਿਖੋ। 1x2=2

## (3) ਲਿਖਣ-ਕੌਸ਼ਲ—

9. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਦਿੱਤੇ ਹੋਏ ਨੁਕਤਿਆਂ ਦੇ ਆਧਾਰ ਤੇ 200 ਸ਼ਬਦਾਂ ਦਾ ਲੇਖ ਲਿਖੋ— 10

**(1) ਪੜ੍ਹਾਈ ਵਿੱਚ ਖੇਡਾਂ ਦਾ ਸਥਾਨ**

ਨੁਕਤੇ — ਭੂਮਿਕਾ, ਸਦਾਚਾਰਕ ਗੁਣ ਪੈਦਾ ਕਰਨਾ, ਵਿਹਲ ਦੀ ਉਚਿਤ ਵਰਤੋਂ, ਮਨੁੱਖੀ ਜੀਵਨ ਵੀ ਇੱਕ ਖੇਡ ਹੈ, ਸਿੱਟਾ

ਜਾਂ

**(2) ਮਿਠੁਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ**

ਨੁਕਤੇ — ਭੂਮਿਕਾ, ਕੌੜਾ ਬੋਲਣ ਦੇ ਨਤੀਜੇ, ਮਿੱਠਾ ਬੋਲਣ ਦਾ ਪ੍ਰਭਾਵ, ਮਿਠਾਸ ਤੋਂ ਬਿਨਾਂ ਗਿਆਨ ਵਿਅਰਥ, ਸਿੱਟਾ।

10. ਹੇਠ ਲਿਖੇ ਨੁਕਤਿਆਂ ਦੇ ਆਧਾਰ ਤੇ ਪੱਤਰ ਲਿਖੋ— 8

(1) ਅਖ਼ਬਾਰ ਦੇ ਸੰਪਾਦਕ ਨੂੰ ਲਾਊਡ-ਸਪੀਕਰਾਂ ਦੇ ਸ਼ੋਰ-ਸ਼ਰਾਬੇ ਬਾਰੇ ਪੱਤਰ ਲਿਖੋ।

ਨੁਕਤੇ — ਪ੍ਰਦੂਸ਼ਣ ਵਿੱਚ ਵਾਧਾ, ਬਿਮਾਰ ਵਿਅਕਤੀਆਂ ਲਈ ਪਰੇਸ਼ਾਨੀ, ਸਰਕਾਰ ਦੁਆਰਾ ਬਣਦਾ ਯੋਗਦਾਨ

ਜਾਂ

(2) ਆਪਣੇ ਜਨਮ ਦਿਨ ਦੀ ਪਾਰਟੀ ਲਈ 'ਮੋਹਨ ਬੇਕਰੀ' ਦੇ ਮੈਨੇਜਰ ਨੂੰ ਕੇਕ ਅਤੇ ਹੋਰ ਖਾਣ-ਪੀਣ ਦੇ ਸਮਾਨ ਦਾ ਆਰਡਰ ਦੇਣ ਲਈ ਪੱਤਰ ਲਿਖੋ।

ਨੁਕਤੇ — ਪਾਰਟੀ ਦਾ ਦਿਨ ਅਤੇ ਸਮਾਂ, ਖਾਣ-ਪੀਣ ਦੀ ਚੀਜ਼ਾਂ ਦਾ ਬਿਓਰਾ, ਪੈਸਿਆਂ ਦਾ ਭੁਗਤਾਨ।



Downloaded From : http://cbseportal.com COURTESY : CBSE

Downloaded From : http://cbseportal.com

www.cbseportal.com

11. ਆਪਣੀ ਪੁਰਾਣੀ ਕਾਰ ਵੇਚਣ ਲਈ 40 ਤੋਂ 50 ਸ਼ਬਦਾਂ ਦਾ ਇਸ਼ਤਿਹਾਰ ਤਿਆਰ ਕਰੋ। 7

ਜਾਂ

ਹੇਠਲੀ ਤਸਵੀਰ ਨੂੰ ਵੇਖ ਕੇ 50 ਸ਼ਬਦਾਂ ਵਿੱਚ ਵਰਣਨ ਕਰੋ।



11. **ਨੋਟ — ਇਹ ਪ੍ਰਸ਼ਨ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ—**
ਆਪਣੇ ਇਲਾਕੇ ਦੀ ਸਬਜੀ ਮੰਡੀ ਵਿਚੋਂ ਸਬਜੀ ਖਰੀਦਦੇ ਸਮੇਂ ਦੋ ਅਣਜਾਣ ਵਿਅਕਤੀ ਤੁਹਾਡੇ ਹੱਥ ਵਿਚਲਾ ਪਰਸ ਖੋਹ ਕੇ ਲੈ ਗਏ ਜਿਸ ਵਿੱਚ ਤੁਹਾਡੇ ਘਰ ਦੀ ਚਾਬੀ, ਅਧਾਰ ਕਾਰਡ ਤੇ ਪੈਸੇ ਸਨ, ਇਸ ਸੰਬੰਧੀ ਆਪਣੇ ਇਲਾਕੇ ਦੇ ਐਸ.ਐੱਚ.ਓ. ਸਾਹਿਬ ਨੂੰ ਰਿਪੋਰਟ ਲਿਖੋ।

## ਪਾਠ ਪੁਸਤਕਾਂ ਤੇ ਅਧਾਰਿਤ

**12. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਸ਼ਬਦ ਜਾਂ ਇੱਕ ਵਾਕ ਵਿੱਚ ਲਿਖੋ—** 1x4=4

(1) ਰਜਨੀ ਨੂੰ ਕਿਹੜੀ ਬਿਮਾਰੀ ਸੀ?
(2) ਕੀ ਮੀਨਾਕਸ਼ੀ ਈਅਰ ਫ਼ੋਨ ਦੀ ਵਰਤੋਂ ਕਰਕੇ ਫੇਲ੍ਹ ਹੋ ਗਈ ਸੀ?
(3) ਚਾਹ ਵਿੱਚ ਕਿਹੜਾ ਤੱਤ ਮੌਜੂਦ ਹੁੰਦਾ ਹੈ?
(4) ਕਿਸ ਨੂੰ ਵੱਸ ਵਿੱਚ ਰੱਖਣਾ ਆਮ ਆਦਮੀ ਦੇ ਵੱਸ ਵਿੱਚ ਨਹੀਂ ਹੁੰਦਾ?

**13. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30 ਤੋਂ 35 ਸ਼ਬਦਾਂ ਵਿੱਚ ਦਿਓ—** 2x6=12

(1) ਸਕੂਲ ਦੇ ਸਲਾਨਾ ਸਮਾਗਮ ਵਿੱਚ ਕਿਸ ਨੂੰ ਸਨਮਾਨਤ ਕੀਤਾ ਗਿਆ ਤੇ ਕਿਉਂ?
(2) ਈਅਰ ਫ਼ੋਨ ਕਹਾਣੀ ਤੋਂ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ?
(3) ਵੰਦਨਾਂ ਪੌਦਿਆਂ ਨੂੰ ਪਾਣੀ ਦੇਣ ਲਈ ਕਿਉਂ ਰਾਜੀ ਹੋ ਗਈ?



Downloaded From : http://cbseportal.com COURTESY : CBSE

Downloaded From : http://cbseportal.com

CBSE PORTAL
www.cbseportal.com

(4) ਬੀਬੀ ਭਾਨੀ ਜੀ ਦੇ ਪਿਤਾ, ਪਤੀ, ਪੁੱਤਰ ਅਤੇ ਪੋਤਰੇ ਦਾ ਕੀ ਨਾਂ ਸੀ? ਕ੍ਰਮਵਾਰ ਦੱਸੋ ਕਿ ਉਹ ਸਿੱਖਾਂ ਦੇ ਕਿਹੜੇ-ਕਿਹੜੇ ਗੁਰੂ ਸਾਹਿਬਾਨ ਹਨ।

(5) ਮਿਲਖਾ ਸਿੰਘ ਹੋਰੀਂ ਕਿੰਨੇ ਭੈਣ-ਭਰਾ ਸਨ ਅਤੇ ਉਹਨਾਂ ਦਾ ਪਾਲਣ-ਪੋਸ਼ਣ ਕਿਸ ਨੇ ਕੀਤਾ?

(6) ਡਾਕਟਰ ਅਬਦੁੱਲ ਕਲਾਮ ਗੁਣਾਂ ਦੀ ਖਾਨ ਸਨ। ਸੰਖੇਪ ਵਿੱਚ ਲਿਖੋ।

14. 'ਸੰਗੀਤਕ ਬੁੱਧੀ' ਵਿਅਕਤੀ ਵਿੱਚ ਕਿਸ ਤਰ੍ਹਾਂ ਦਾ ਨਿਖਾਰ ਲਿਆ ਸਕਦੀ ਹੈ? 5

ਜਾਂ

'ਗੁੰਮ ਨੇ ਰਸੋਈ ਵਿੱਚੋਂ' ਕਵਿਤਾ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

15. ਇਕਾਂਗੀ 'ਬੇਬੇ ਰਾਮ ਭਜਨੀ' ਦੇ ਅਧਾਰ ਤੇ ਬੇਬੇ ਰਾਮ ਭਜਨੀ ਦਾ ਚਰਿੱਤਰ ਆਪਣੇ ਸ਼ਬਦਾਂ ਵਿੱਚ ਲਿਖੋ। 4

ਜਾਂ

'ਬੇਬੇ ਰਾਮ ਭਜਨੀ' ਇਕਾਂਗੀ ਦੇ ਵਿਸ਼ੇ-ਵਸਤੂ ਬਾਰੇ ਲਿਖੋ।



Downloaded From : http://cbseportal.com COURTESY : CBSE